ਮਦ ਨੰ:......22.........ਦੀ ਅੰਤਿਕਾ
ਸਿੰਡੀਕੇਟ ਦੀ ਇਕੱਤਰਤਾ
ਮਿਤੀ...29-6-2007

# ਦਫਤਰ: ਡੀਨ ਕਾਲਜ ਵਿਕਾਸ ਕੌਂਸਲ

ਯੂਨੀਵਰਸਿਟੀ ਨਾਲ ਸਬੰਧਿਤ/ਪ੍ਰਾਪਤ ਕਾਲਜਾਂ ਵਿੱਚ ਪ੍ਰਿੰਸੀਪਲਜ਼ ਅਤੇ ਲੈਕਚਰਾਰਾਂ ਦੀ ਆਸਾਮੀ ਲਈ ਨਿਸਚਿਤ ਕੋਰਮ ਅਨੁਸਾਰ ਬਿਨੈ ਪੱਤਰ ਨਾ ਆਉਣ ਦੀ ਸੂਰਤ ਵਿੱਚ ਪੈਦਾ ਹੋਏ ਮਸਲੇ ਨੂੰ ਰਿਵਿਊ ਕਰਨ ਲਈ ਕੁਲਪਤੀ ਜੀ ਵੱਲੋਂ ਹੇਠ ਲਿਖੀ ਕਮੇਟੀ ਦਾ ਗਠਨ ਕੀਤਾ ਗਿਆ ਹੈ:-

1. ਡੀਨ, ਕਾਲਜ ਵਿਕਾਸ ਕੌਂਸਲ
2. ਪ੍ਰੋ. ਰਘਬੀਰ ਸਿੰਘ, ਕਾਮਰਸ ਵਿਭਾਗ
3. ਪ੍ਰੋ. ਗੁਰਨਾਮ ਸਿੰਘ, ਸੋਸ਼ਲ ਸਾਇੰਸ ਵਿਭਾਗ
4. ਪ੍ਰਿੰਸੀਪਲ, ਆਰ.ਪੀ.ਭਾਰਦਵਾਜ, ਦੁਆਬਾ ਕਾਲਜ, ਜਲੰਧਰ

ਉਕਤ ਮਾਮਲੇ ਨੂੰ ਵਿਚਾਰਨ ਲਈ ਕਮੇਟੀ ਦੀ ਇਕੱਤਰਤਾ ਅੱਜ ਮਿਤੀ 7.6.2007 ਨੂੰ ਡੀਨ, ਕਾਲਜ ਵਿਕਾਸ ਕੌਂਸਲ ਦੇ ਦਫਤਰ ਵਿੱਚ ਹੋਈ।

ਇਸ ਇਕੱਤਰਤਾ ਵਿੱਚ ਸਰਬਸਮੰਤੀ ਨਾਲ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ।

"ਪ੍ਰਿੰਸੀਪਲਜ਼ ਅਤੇ ਲੈਕਚਰਾਰਾਂ ਦੀਆਂ ਅਸਾਮੀਆਂ ਦਾ ਇਸ਼ਤਿਹਾਰ ਦੋ ਵੱਖ-ਵੱਖ ਅਖਬਾਰਾਂ (ਇਕ ਅੰਗਰੇਜ਼ੀ ਅਤੇ ਇਕ ਪੰਜਾਬੀ) ਵਿੱਚ ਦਿੱਤਾ ਜਾਵੇ ਅਤੇ ਘੱਟੋ-ਘੱਟ ਹਰੇਕ ਅਸਾਮੀ ਲਈ ਤਿੰਨ ਯੋਗ ਉਮੀਦਵਾਰਾਂ ਦੀਆਂ ਐਪਲੀਕੇਸ਼ਨਜ਼ ਆਉਣ ਤੇ ਇੰਟਰਵਿਊ ਕਰਵਾਈ ਜਾਵੇ ਪ੍ਰੰਤੂ ਜੇਕਰ ਪ੍ਰਿੰਸੀਪਲ/ਲੈਕਚਰਾਰ ਦੀ ਅਸਾਮੀ ਲਈ ਤਿੰਨ ਐਪਲੀਕੇਸ਼ਨਜ਼ ਪ੍ਰਾਪਤ ਨਹੀਂ ਹੁੰਦੀਆਂ ਤਾਂ 7 ਦਿਨਾਂ ਦਾ ਸਮਾਂ ਦੇ ਕੇ ਆਸਾਮੀ ਦੁਬਾਰਾ ਇਸ਼ਤਿਹਾਰਿਤ ਕੀਤੀ ਜਾਵੇ। ਦੂਜੀ ਵਾਰ ਇਸ਼ਤਿਹਾਰਿਤ ਹੋਈ ਆਸਾਮੀ ਲਈ ਪਹਿਲਾਂ ਪ੍ਰਾਪਤ ਹੋਈਆਂ ਅਰਜ਼ੀਆਂ ਵੀ ਵਿਚਾਰ ਲਈਆਂ ਜਾਣ ਅਤੇ ਜਿੰਨੇ ਵੀ ਯੋਗ ਉਮੀਦਵਾਰ ਹੋਣ, ਉਨ੍ਹਾਂ ਦੀ ਇੰਟਰਵਿਊ ਕਰਵਾ ਲਈ ਜਾਵੇ। ਏਥੇ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਉਮੀਦਵਾਰਾਂ ਨੇ ਪਹਿਲੇ ਇਸ਼ਤਿਹਾਰ ਦੇ ਸਬੰਧ ਵਿੱਚ ਅਪਲਾਈ ਕੀਤਾ ਹੋਵੇ, ਉਨ੍ਹਾਂ ਨੂੰ ਦੁਬਾਰਾ ਅਪਲਾਈ ਕਰਨ ਦੀ ਲੋੜ ਨਹੀਂ ਹੋਵੇਗੀ। ਇਨ੍ਹਾਂ ਅਸਾਮੀਆਂ ਲਈ ਜਿਹੜੇ ਉਮੀਦਵਾਰ ਪਹਿਲਾਂ ਤੋਂ ਹੀ ਕਿਸੇ ਸੰਸਥਾ ਵਿੱਚ ਰੈਗੂਲਰ ਸਰਵਿਸ ਕਰ ਰਹੇ ਹੋਣ, ਉਨ੍ਹਾਂ ਨੂੰ ਯੋਗ ਪ੍ਰਣਾਲੀ ਦੁਆਰਾ ਅਪਲਾਈ ਕਰਨਾ ਹੋਵੇਗਾ।"

| | | | |
|---|---|---|---|
| (ਆਰ.ਪੀ.ਭਾਰਦਵਾਜ) | (ਰਘਬੀਰ ਸਿੰਘ) | (ਗੁਰਨਾਮ ਸਿੰਘ) | ਡੀਨ, ਕਾਲਜ ਵਿਕਾਸ ਕੌਂਸਲ |

ਕਮੇਟੀ ਦੀ ਕਾਰਵਾਈ ਕੁਲਪਤੀ ਜੀ ਵੱਲੋਂ ਪ੍ਰਵਾਨਗੀ ਹਿਤ ਪੇਸ਼ ਹੈ, ਜੀ।

16.6.07

ਡੀਨ, ਕਾਲਜ ਵਿਕਾਸ ਕੌਂਸਲ
15/6/07

ਕੁਲਪਤੀ ਜੀ